**ਆਕਾਸ਼ਵਾਣੀ ਜਲੰਧਰ**

**ਪ੍ਰਦੇਸ਼ਿਕ ਖਬਰਾਂ ਪੰਜਾਬੀ**

**18:20 pm**

**ਮਿਤੀ: 02-05-2025**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਡੂੰਘੇ ਪਾਣੀਆਂ ਦੀ ਵਿਰਿੰਗ੍ਯ੍ਮ ਕੌਮਾਂਤਰੀ ਬਹੁ- ਉਦੇਸ਼ੀ ਸਮੁੰਦਰੀ ਬੰਦਰਗਾਹ, ਰਾਸ਼ਟਰ ਨੂੰ ਸਮਰਪਿਤ ਕੀਤੀ।
- ਪੰਜਾਬ ਨੇ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਮੁੱਦੇ 'ਤੇ, ਅੱਜ ਸਰਬ ਪਾਰਟੀ ਮੀਟਿੰਗ ਕੀਤੀ- ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ 5 ਮਈ ਨੂੰ ਬੁਲਾਇਆ ਗਿਆ ।
- ਕੇਂਦਰ ਨੇ ਕਿਸਾਨ ਜਥੇਬੰਦੀਆਂ ਨਾਲ 4 ਮਈ ਨੂੰ ਹੋਣ ਵਾਲੀ ਮੀਟਿੰਗ ਮੁਲਤਵੀ ਕੀਤੀ- ਕਿਹਾ ਸੂਬਾ ਸਰਕਾਰ ਦੇ ਨੁਮਾਇੰਦਿਆਂ ਤੋਂ ਬਿਨਾਂ ਮੀਟਿੰਗ ਕਰਨਾ ਸਹੀਂ ਨਹੀਂ।
- ਵੇਵਜ਼ ਸੰਮੇਲਨ-2025 ਦੇ ਹਿੱਸੇ ਵਜੋਂ, ਮੁੰਬਈ ਦੇ ਜੀਓ ਵਰਲਡ ਕਨਵੈਨਸ਼ਨ ਸੈਂਟਰ ਵਿਖੇ ਆਲਮੀ ਮੀਡੀਆ ਸੰਵਾਦ ਸ਼ੁਰੂ ਹੋਇਆ।

- ਮੌਸਮ ਵਿਭਾਗ ਨੇ ਪੰਜਾਬ ਤੇ ਹਰਿਆਣਾ ਵਿਚ ਆਉਂਦੇ 5 ਤੋਂ 6 ਦਿਨ ਮੀਂਹ ਤੇ ਹਨੇਰੀ ਦੇ ਹਾਲਤ ਜਾਰੀ ਰਹਿਣ ਦੀ ਪੇਸ਼ੀਨਗੋਈ ਕੀਤੀ।
- IPL ਕ੍ਰਿਕਟ ਵਿੱਚ, ਅੱਜ ਗੁਜਰਾਤ ਟਾਈਟਨਸ ਦਾ ਮੁਕਾਬਲਾ ਸਨਰਾਈਜ਼ਰਜ਼ ਹੈਦਰਾਬਾਦ ਨਾਲ ਹੋਵੇਗਾ।

---------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਡੂੰਘੇ ਪਾਣੀਆਂ ਦੇ ਵਿਰਿੰਗ੍ਯ੍ਮ ਕੌਮਾਂਤਰੀ ਬਹੁ- ਉਦੇਸ਼ੀ ਸਮੁੰਦਰੀ ਬੰਦਰਗਾਹ, ਰਾਸ਼ਟਰ ਨੂੰ ਸਮਰਪਿਤ ਕੀਤੀ ਜੋ ਕਿ ਦੇਸ਼ ਦਾ ਪਹਿਲਾ ਸੈਮੀ -ਔਟੋਮੈਟੇਡ ਬੰਦਰਗਾਹ ਏ। ਸਮਾਗਮ ਨੂੰ ਸੰਬੋਧਨ ਕਰਦਿਆਂ, ਪ੍ਰਧਾਨ ਮੰਤਰੀ ਨੇ ਕਿਹਾ ਕਿ, ਇਹ ਭਾਰਤ ਦੇ ਸਮੁੰਦਰੀ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਕਦਮ ਏ। ਉਨ੍ਹਾਂ ਕਿਹਾ ਕਿ, ਵਿਰਿੰਗ੍ਯ੍ਮ ਬੰਦਰਗਾਹ ਨਵੇਂ ਯੁੱਗ ਦੇ ਵਿਕਾਸ ਦਾ ਇੱਕ ਵਧੀਆ ਮਾਡਲ ਏ ਅਤੇ ਦੇਸ਼ ਅਤੇ ਕੇਰਲਾ ਲਈ ਵੱਡੀ ਆਰਥਿਕ ਸਥਿਰਤਾ ਅਤੇ ਲਾਭ ਲਿਆਏਗਾ।

**BYTE:**

--------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦੇ ਮੁੱਦੇ 'ਤੇ ਸਰਬ ਪਾਰਟੀ ਮੀਟਿੰਗ ਬੁਲਾਈ ਏ । ਇਸ ਵਿੱਚ BJP ਦੇ ਸੂਬਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਅਤੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਸਮੇਤ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਸ਼ਾਮਲ ਹੋਏ। ਬਾਅਦ ਵਿੱਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਗੱਲ 'ਤੇ ਸਹਿਮਤੀ ਬਣ ਗਈ ਏ ਕਿ ਹਰਿਆਣਾ ਨੂੰ ਹੋਰ ਪਾਣੀ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਨੇ ਪਹਿਲਾਂ ਹੀ ਹਰਿਆਣਾ ਨੂੰ ਲੋੜੀਂਦਾ ਪਾਣੀ ਛੱਡ ਦਿੱਤਾ ਏ । ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀ ਲੀਹਾਂ ਅਤੇ ਰਾਜਨੀਤੀ ਤੋਂ ਉੱਪਰ ਉੱਠ ਕੇ, ਸੂਬੇ ਦੇ ਹੱਕ ਵਿੱਚ ਸਮੂਹਿਕ ਤੌਰ 'ਤੇ ਇਹ ਫੈਸਲਾ ਲਿਆ ਗਿਆ ਏ । ਮੁੱਖ ਮੰਤਰੀ ਨੇ ਇਹ ਵੀ ਦਸਿਆ ਕਿ ਇਸ ਮੁੱਦੇ 'ਤੇ ਹੋਰ

ਚਰਚਾ ਕਰਨ ਅਤੇ ਇਸ 'ਤੇ ਇੱਕ ਵਿਸ਼ੇਸ਼ ਮਤਾ ਲਿਆਉਣ ਲਈ, 5 ਮਈ ਨੂੰ ਵਿਧਾਨ ਸਭਾ ਦਾ ਇੱਕ ਵਿਸ਼ੇਸ਼ ਇਜਲਾਸ ਬੁਲਾਇਆ ਗਿਆ ਏ।

-------------------------------------------------------

ਓਧਰ ਅੱਜ ਪਟਿਆਲਾ ਵਿਖੇ ਸਾਬਕਾ ਕੇਂਦਰੀ ਮੰਤਰੀ ਅਤੇ ਸੰਸਦ ਮੈਂਬਰ ਪ੍ਰਨੀਤ ਕੌਰ, BJP ਪੰਜਾਬ ਮਹਿਲਾ ਮੋਰਚਾ ਦੀ ਪ੍ਰਧਾਨ ਜੈ ਇੰਦਰ ਕੌਰ ਅਤੇ ਜਿਲ੍ਹਾ ਪਟਿਆਲਾ ਦੀ BJP ਵਰਕਰਾਂ ਵੱਲੋਂ, BBMB ਪਾਣੀਆਂ ਦੇ ਮੁੱਦੇ ਉੱਪਰ ਪ੍ਰੈੱਸ ਕਾਨਫਰੰਸ ਕੀਤੀ ਗਈ , ਜਿਸ ਵਿੱਚ ਪ੍ਰਨੀਤ ਕੌਰ ਵੱਲੋਂ ਪੰਜਾਬ ਦੇ ਹਿੱਸੇ ’ਚੋਂ ਗੁਆਂਢੀ ਸੂਬੇ ਹਰਿਆਣਾ ਨੂੰ ਭਾਖੜਾ ਡੈਮ ਤੋਂ ਫੌਰੀ 8 ਹਜ਼ਾਰ 500 ਕਿਊਸਿਕ ਵਾਧੂ ਪਾਣੀ ਦੇਣ ਦੇ ਫੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਫੈਸਲੇ ਨੂੰ ਪੰਜਾਬ ਦੇ ਪਾਣੀਆਂ ’ਤੇ ਡਾਕਾ ਦੱਸਦਿਆਂ ਸਾਬਕਾ ਕੇਂਦਰੀ ਮੰਤਰੀ ਅਤੇ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਕਿਹਾ ਕਿ ਪੰਜਾਬ ਪਹਿਲਾਂ ਹੀ ਪਾਣੀ ਦੀ ਕਮੀ ਦੀ ਮਾਰ ਸਹਿ ਰਿਹਾ ਏ। ਪੰਜਾਬ ਦੇ 115 ਜ਼ੋਨ ਪਹਿਲਾਂ ਹੀ ਡਾਰਕ ਜ਼ੋਨ ਘੋਸ਼ਿਤ ਕੀਤੇ ਜਾ ਚੁੱਕੇ ਨੇ

ਅਤੇ ਸਾਡੇ ਕੋਲ ਕਿਸੇ ਹੋਰ ਸੂਬੇ ਨੂੰ ਵਾਧੂ ਪਾਣੀ ਦੇਣ ਲਈ ਇਕ ਬੂੰਦ ਵੀ ਨਹੀਂ ਏ।

-----------------------------------------------------------

ਕੇਂਦਰ ਨੇ ਕਿਸਾਨ ਜਥੇਬੰਦੀਆਂ ਨਾਲ 4 ਮਈ ਨੂੰ ਹੋਣ ਵਾਲੀ ਮੀਟਿੰਗ ਇਹ ਕਹਿੰਦਿਆਂ ਮੁਲਤਵੀ ਕਰ ਦਿੱਤੀ ਏ ਕਿ, ਸੂਬਾ ਸਰਕਾਰ ਦੇ ਨੁਮਾਇੰਦਿਆਂ ਤੋਂ ਬਿਨਾਂ ਮੀਟਿੰਗ ਕਰਨਾ ਸਹੀਂ ਨਹੀਂ ਹੋਵੇਗਾ । ਕਿਸਾਨ ਜਥੇਬੰਦੀਆਂ ਨੂੰ ਲਿਖੇ ਇੱਕ ਪੱਤਰ ਵਿੱਚ, ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੇ ਸੰਯੁਕਤ ਸਕੱਤਰ, ਪੂਰਨ ਚੰਦਰ ਕਿਸ਼ਨ ਨੇ ਕਿਹਾ ਏ ਕਿ, ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਅਤੇ ਕਿਸਾਨ ਮਜ਼ਦੂਰ ਮੋਰਚਾ ਦੋਵਾਂ ਦੀ ਮੰਗ ਅਨੁਸਾਰ ਮੀਟਿੰਗ ਵਿੱਚ, ਪੰਜਾਬ ਸਰਕਾਰ ਦੇ ਨੁਮਾਇੰਦਿਆਂ ਨੂੰ ਸ਼ਾਮਲ ਨਾ ਕਰਨਾ ਠੀਕ ਨਹੀਂ ਹੋਵੇਗਾ । ਕੇਂਦਰ ਨੇ ਦੋਵੇਂ ਜਥੇਬੰਦੀਆਂ ਦੇ ਆਗੂਆਂ ਨੂੰ ਆਪਣੀ ਮੰਗ 'ਤੇ ਮੁੜ ਵਿਚਾਰ ਕਰਨ ਲਈ ਕਿਹਾ ਏ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਏ ਕਿ, ਮੀਟਿੰਗ ਦੀ ਅਗਲੀ ਤਰੀਕ ਦੋਵੇਂ ਜਥੇਬੰਦੀਆਂ ਤੋਂ ਜਾਣਕਾਰੀ ਮਿਲਣ ਤੋਂ ਬਾਅਦ ਤੈਅ ਕੀਤੀ ਜਾਵੇਗੀ।

-------------------------------------------------

ਵੇਵਜ਼ ਸਿਖਰ ਸੰਮੇਲਨ ‘ਚ ਆਲਮੀ ਮੀਡੀਆ ਸੰਵਾਦ, ਅੱਜ ਸਵੇਰੇ ਮੁੰਬਈ ਦੇ ਜੀਓ ਵਰਲਡ ਕਨਵੈਨਸ਼ਨ ਸੈਂਟਰ ਵਿਖੇ ਸ਼ੁਰੂ ਹੋਇਆ। ਇਹ ਸਮਾਗਮ ਆਲਮੀ ਮੀਡੀਆ ਅਤੇ ਮਨੋਰੰਜਨ ਦੇ ਦ੍ਰਿਸ਼ ਨਾਲ ਦੇਸ਼ ਦੀ ਸ਼ਮੂਲੀਅਤ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਏ।

*ਪੇਸ਼ ਏ ਇੱਕ ਰਿਪੋਰਟ--ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵਲੋਂ, ਵਿਦੇਸ਼ ਮੰਤਰਾਲੇ ਦੇ ਸਹਿਯੋਗ ਨਾਲ ਕਰਾਏ ਗਏ, ਆਲਮੀ ਮੀਡੀਆ ਸੰਵਾਦ ਵਿੱਚ 77 ਦੇਸ਼ਾਂ ਨੇ ਹਿੱਸਾ ਲਿਆ, ਇਸ ਸਮਾਗਮ ਦੌਰਾਨ ਅੱਜ ਅਹਿਮ ਵੇਵਜ਼ ਐਲਾਨਨਾਮੇ ਨੂੰ ਅਪਣਾਇਆ ਗਿਆ ਅਤੇ ਮੈਂਬਰ ਦੇਸ਼ਾਂ ਨੇ ਰਵਾਇਤਾਂ ਅਤੇ ਵਿਰਸੇ ਨੂੰ ਆਵਾਜ਼ ਦੇਣ ਵਿਚ ਸਹਿਯੋਗ ਕਰਨ 'ਤੇ ਸਹਿਮਤੀ ਪ੍ਰਗਟਾਈ। ਹਿੱਸਾ ਲੈਣ ਵਾਲੇ ਦੇਸ਼, ਗਲਤ ਜਾਣਕਾਰੀ ਦੇ ਫੈਲਣ ਨੂੰ ਰੋਕਣ ਅਤੇ ਮੀਡੀਆ ਦੀ ਅਖੰਡਤਾ, ਤੱਥ-ਅਧਾਰਤ ਪੱਤਰਕਾਰੀ ਅਤੇ ਜ਼ਿੰਮੇਵਾਰਾਨਾ ਵਿਗਿਆਪਨਾਂ ਨੂੰ ਉਤਸ਼ਾਹਿਤ ਕਰਨ ਲਈ ਸਹਿਮਤ ਹੋਏ। ਓਹਨਾਂ ਨੇ ਸਾਂਝੀ ਸਮਝ ਨੂੰ ਡੂੰਘਾ ਕਰਨ ਲਈ ਸਰਹੱਦ ਪਾਰ ਸਹਿਯੋਗ ਨੂੰ ਉਤਸ਼ਾਹਿਤ*

*ਕਰਦਿਆਂ, ਮਨੁੱਖੀ ਅਧਿਕਾਰਾਂ ਅਤੇ ਸੱਭਿਆਚਾਰਕ ਸੰਵੇਦਨਸ਼ੀਲਤਾ ਦਾ ਸਤਿਕਾਰ ਕਰਨ ਵਾਲੇ CONTENT ਦੀ ਹਮਾਇਤ ਕਰਨ ਲਈ ਵੀ ਸਹਿਮਤੀ ਜ਼ਾਹਿਰ ਕੀਤੀ । ਦਿਨੇ ਕਈ ਪੈਨਲ ਵਿਚਾਰ - ਵਟਾਂਦਰੇ ਵੀ ਹੋਏ. ਬਾਲੀਵੁੱਡ ਅਦਾਕਾਰ ਆਮਿਰ ਖਾਨ ਨੇ ਅੱਜ ਇੱਕ ਪੈਨਲ ਚਰਚਾ ਨੂੰ ਸੰਬੋਧਨ ਕਰਦਿਆਂ ਮੀਡੀਆ ਅਤੇ ਮਨੋਰੰਜਨ ਵਿੱਚ ਦੇਸ਼ ਨੂੰ ਮੋਹਰੀ ਬਣਾਉਣ ਵਿੱਚ ਮਦਦ ਕਰਨ ਲਈ ਵੇਵਜ਼ ਦੀ ਸ਼ਲਾਘਾ ਕੀਤੀ। ਕਾਰੋਬਾਰੀ ਅਤੇ ਸਮਾਜ ਸੇਵਿਕਾ ਨੀਤਾ ਅੰਬਾਨੀ ਨੇ ਇੱਕ ਪੈਨਲ ਚਰਚਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਵੇਂ ਇਹ ਪਹਿਲਾ WAVES ਸਿਖਰ ਸੰਮੇਲਨ ਏ ਪਰ ਇਸਨੇ ਹੁਣੇ ਹੀ ਚਾਰੇ ਪਾਸੇ ਧੁੰਮਾਂ ਮਚਾ ਦਿੱਤੀਆਂ ਨੇ ਸੂਚਨਾ ਅਤੇ ਪ੍ਰਸਾਰਣ ਮੰਤਰਾਲਾ ਭਲਕੇ ਮੁੰਬਈ ਵਿੱਚ WAVES ਸਿਖਰ ਸੰਮੇਲਨ ਵਿਖੇ ਮੀਡੀਆ ਅਤੇ ਮਨੋਰੰਜਨ ਖੇਤਰ 2024-25 'ਤੇ Statistical Handbook ਜਾਰੀ ਕਰੇਗਾ ।*

---------------------------------------------------

ਉੱਤਰਾਖੰਡ ਦੇ ਰੁਦਰਪ੍ਰਯਾਗ ਜ਼ਿਲ੍ਹੇ ਵਿੱਚ ਅੱਜ ਸਵੇਰੇ 7 ਵਜੇ

ਸ਼ਰਧਾਲੂਆਂ ਲਈ ਕੇਦਾਰਨਾਥ ਧਾਮ ਦੇ ਕਪਾਟ ਵੈਦਿਕ ਮੰਤਰਾਂ ਅਤੇ ਵਿਸ਼ੇਸ਼ ਰਸਮਾਂ ਦੀ ਗੂੰਜ ਦਰਮਿਆਨ ਖੋਲ੍ਹ ਦਿੱਤੇ ਗਏ। ਭਾਰਤ ਅਤੇ ਵਿਦੇਸ਼ਾਂ ਤੋਂ ਹਜ਼ਾਰਾਂ ਸ਼ਰਧਾਲੂ ਇਸ ਦੈਵੀ ਪਲ ਨੂੰ ਦੇਖਣ ਲਈ ਇਕੱਠੇ ਹੋਏ। ਚਾਰ-ਚੁਫੇਰਾ ਅਧਿਆਤਮਿਕ ਜੋਸ਼ ਨਾਲ ਭਰ ਗਿਆ, ਤੇ ਕੇਦਾਰਨਾਥ ਦੀ ਪਵਿੱਤਰ ਘਾਟੀ ਸ਼ਰਧਾ, ਵਿਸ਼ਵਾਸ ਅਤੇ ਜਸ਼ਨ ਨਾਲ ਜੀਵੰਤ ਹੋ ਉਠੀ। ਇਸ ਸ਼ੁਭ ਮੌਕੇ ‘ਤੇ ਸ਼੍ਰੀ ਕੇਦਾਰਨਾਥ ਮੰਦਰ ਨੂੰ 108 ਕੁਇੰਟਲ ਜੀਵੰਤ ਫੁੱਲਾਂ ਨਾਲ ਸਜਾਇਆ ਗਿਆ ਸੀ। ਅੱਜ ਸਵੇਰੇ, ਸ਼ਰਧਾਲੂਆਂ ਦੇ ਇੱਕ ਵੱਡੇ ਇਕੱਠ ਦੀ ਮੌਜੂਦਗੀ ਵਿੱਚ ਮੰਦਰ ਦੇ ਕਪਾਟ ਰਸਮੀ ਤੌਰ 'ਤੇ ਖੋਲ੍ਹੇ ਗਏ। ਇਸ ਸਾਲ ਇੱਕ ਸੁਚਾਰੂ ਅਤੇ ਸੁਰੱਖਿਅਤ ਯਾਤਰਾ ਤਜਰਬੇ ਨੂੰ ਯਕੀਨੀ ਬਣਾਉਣ ਲਈ, ਪ੍ਰਸ਼ਾਸਨ ਨੇ ਵਿਆਪਕ ਪ੍ਰਬੰਧ ਲਾਗੂ ਕੀਤੇ ਨੇ। ਸ਼ਰਧਾਲੂਆਂ ਦੀ ਆਮਦ ਦੇ ਪ੍ਰਬੰਧ ਅਤੇ ਸਹਾਇਤਾ ਕਰਨ ਲਈ ਪੂਰੇ ਮੰਦਰ ਖੇਤਰ ਵਿੱਚ ਲੋੜੀਂਦਾ ਪੁਲਿਸ ਬਲ, ਆਫ਼ਤ ਪ੍ਰਤੀਕਰਮ ਟੀਮਾਂ, ਮੈਡੀਕਲ ਮੁਲਾਜ਼ਮ ਅਤੇ ਸਫਾਈ ਵਰਕਰ ਤਾਇਨਾਤ ਕੀਤੇ ਗਏ ਨੇ। ਇਸ ਤੋਂ ਪਹਿਲਾਂ ਯਮੁਨੋਤਰੀ ਅਤੇ ਗੰਗੋਤਰੀ

ਮੰਦਰਾਂ ਦੇ ਕਪਾਟ, 30 ਅਪ੍ਰੈਲ ਨੂੰ ਖੋਲ੍ਹੇ ਗਏ ਸਨ, ਜਦੋਂ ਕਿ ਬਦਰੀਨਾਥ ਧਾਮ ਦੇ ਕਪਾਟ 4 ਮਈ ਨੂੰ ਖੋਲ੍ਹਣ ਦਾ ਪ੍ਰੋਗਰਾਮ ਏ ।

---------------------------------------------------------

ਭਾਰਤੀ ਰੇਲਵੇ ਨੇ ਇੱਕ ਨਵੀਂ ਡਿਜੀਟਲ ਘੜੀ ਦੇ ਡਿਜ਼ਾਈਨ ਲਈ ਇੱਕ ਦੇਸ਼ ਵਿਆਪੀ ਮੁਕਾਬਲੇ ਦਾ ਐਲਾਨ ਕੀਤਾ ਏ । ਇਸ ਮੁਕਾਬਲੇ ਤੋਂ ਤਿਆਰ ਕੀਤੀਆਂ ਗਈਆਂ ਮਿਆਰੀ ਘੜੀਆਂ ਦੇਸ਼ ਭਰ ਦੇ ਸਾਰੇ ਰੇਲਵੇ ਸਟੇਸ਼ਨਾਂ ਅਤੇ ਪਲੇਟਫਾਰਮਾਂ 'ਤੇ ਲਗਾਈਆਂ ਜਾਣਗੀਆਂ । ਇਸ ਮੁਕਾਬਲੇ ਵਿੱਚ, ਭਾਗੀਦਾਰ ਤਿੰਨ ਸ਼੍ਰੇਣੀਆਂ -ਪੇਸ਼ੇਵਰ, ਯੂਨੀਵਰਸਿਟੀ ਦੇ ਵਿਦਿਆਰਥੀ ਅਤੇ ਸਕੂਲੀ ਵਿਦਿਆਰਥੀ ਭਾਗ ਲੈ ਸਕਦੇ ਨੇ। ਰੇਲਵੇ ਦੇ ਕਾਰਜਕਾਰੀ ਨਿਰਦੇਸ਼ਕ-ਜਾਣਕਾਰੀ ਅਤੇ ਪ੍ਰਚਾਰ , ਦਿਲੀਪ ਕੁਮਾਰ ਨੇ ਕਿਹਾ ਕਿ ਮੁਕਾਬਲੇ ਵਿੱਚ ਪਹਿਲੇ ਚੁਣੇ ਗਏ ਡਿਜ਼ਾਈਨ ਨੂੰ 5 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਇਸ ਤੋਂ ਇਲਾਵਾ, ਤਿੰਨੋਂ ਸ਼੍ਰੇਣੀਆਂ ਵਿੱਚ 50,000 ਰੁਪਏ ਦੇ ਪੰਜ ਹੌਸਲਾ ਵਧਾਊ ਇਨਾਮ ਦਿੱਤੇ ਜਾਣਗੇ। ਪ੍ਰਤੀਯੋਗੀ ਇਸ ਮਹੀਨੇ ਦੇ ਅਖੀਰ ਤੱਕ ਆਪਣੇ ਡਿਜ਼ਾਈਨ ਔਨਲਾਈਨ ਭੇਜ ਸਕਦੇ ਨੇ ।

------------------------------------------------

ਮਹਿਤਾ-ਅੰਮ੍ਰਿਤਸਰ ਰਾਜਮਾਰਗ 'ਤੇ ਪੈਟਰੋਲ ਪੰਪ ਨੇੜੇ ਇਕ ਟਿੱਪਰ ਅਤੇ ਕਾਰ ਵਿਚਕਾਰ ਹੋਈ ਟੱਕਰ ਦੌਰਾਨ ਇੱਕੋ ਪਰਿਵਾਰ ਦੇ ਚਾਰ ਜੀਆਂ ਦੀ ਮੌਤ ਹੋ ਗਈ। ਹਿੰਦੁਸਥਾਨ ਸਮਾਚਾਰ ਏਜੰਸੀ ਤੋਂ ਮਿਲੀ ਜਾਣਕਾਰੀ ਮੁਤਾਬਿਕ ਇਹ ਲੋਕ ਰਾਜਾਸਾਂਸੀ ਹਵਾਈ ਅੱਡੇ ਤੋਂ ਵਾਪਸ ਆ ਰਹੇ ਸਨ। ਜਦੋਂ ਪਿੰਡ ਜੀਵਨ ਪੰਧੇਰ ਨੇੜੇ ਪਹੁੰਚੇ ਤਾਂ ਮਹਿਤਾ ਵੱਲੋਂ ਆ ਰਹੇ ਟਿੱਪਰ ਨਾਲ ਕਾਰ ਦੀ ਟੱਕਰ ਹੋ ਗਈ , ਕਾਰ ਸਵਾਰ ਪਰਿਵਾਰ ਦੇ 4 ਜੀਆਂ ਦੀ ਮੌਕੇ 'ਤੇ ਮੌਤ ਹੋ ਗਈ। ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ । ਇਸ ਸਾਰੇ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ । ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਏ ।

------------------------------------------------

ਪਟਿਆਲਾ ਸਥਿਤ ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਵੱਲੋਂ ‘ਪੰਜਾਬੀ ਸਹਿਤ ਅਤੇ ਸੱਭਿਆਚਾਰ ਸਥਿਤੀ ਅਤੇ ਸੰਭਾਵਨਾਵਾਂ’ ਵਿਸ਼ੇ ਉੱਤੇ ਕਰਵਾਈ ਗਈ 10ਵੀਂ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ ਸਫਲਤਾਪੂਰਵਕ ਸੰਪੰਨ ਹੋਈ । ਉੱਘੇ ਚਿੰਤਕ ਪ੍ਰੋ.

ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਸਾਨੂੰ ਇਸ ਪੱਖੋਂ ਸਪਸ਼ਟ ਹੋਣ ਦੀ ਲੋੜ ਏ  ਕਿ ਪੰਜਾਬੀ ਸ਼ਨਾਖਤ ਨੂੰ ਕਿਹੜੇ ਤੱਤਾਂ ਨਾਲ਼ ਸਮਝਿਆ ਜਾਣਾ ਚਾਹੀਦਾ ਏ। ਉਨ੍ਹਾਂ ਕਿਹਾ ਕਿ ਹੁਣ ਵਿਸ਼ਵੀਕਰਨ ਦੇ ਦੌਰ ਵਿੱਚ ਬਹੁਤ ਸਾਰੀਆਂ ਗੱਲਾਂ ਨੂੰ ਮੁੜ ਪਰਿਭਾਸ਼ਿਤ ਕਰਨ ਦੀ ਵੀ ਲੋੜ ਏ।  ਉਨ੍ਹਾਂ ਕਿਹਾ ਕਿ ਹੁਣ ਪੁਰਾਣੇ ਸਮਿਆਂ ਦਾ ਅਵਚੇਤਨ ਲੈ ਕੇ ਜਿਉਣਾ ਮੁਸ਼ਕਿਲ ਏ। ਡਾ. ਸਵਰਾਜ ਸਿੰਘ ਨੇ ਸਾਹਿਤ ਅਤੇ ਸੱਭਿਆਚਾਰ ਦੇ ਆਪਸੀ ਰਿਸ਼ਤੇ ਦੇ ਹਵਾਲੇ ਨਾਲ਼ ਚਰਚਾ ਕੀਤੀ।  ਭਾਸ਼ਾ ਫ਼ੈਕਲਟੀ ਦੇ ਡੀਨ ਡਾ. ਬਲਵਿੰਦਰ ਕੌਰ ਸਿੱਧੂ ਨੇ ਪੰਜਾਬੀ ਨੂੰ ਦਰਪੇਸ਼ ਚੁਣੌਤੀਆਂ ਬਾਰੇ ਚਰਚਾ ਕੀਤੀ। ਕਾਨਫ਼ਰੰਸ ਵਿੱਚ ਵਿਸ਼ੇ ਨਾਲ਼ ਸਬੰਧਤ 115 ਖੋਜ ਪੱਤਰ ਸ਼ਾਮਿਲ ਹੋਏ ਹਨ।

---------------------------------------------------------------

ਪੰਜਾਬ ਅਤੇ ਇਸਦੇ ਨੇੜਲੇ ਇਲਾਕਿਆਂ ਵਿਚ ਅਚਾਨਕ ਆਈ ਹਨੇਰੀ ਤੇ ਗਰਜ ਚਮਕ ਨਾਲ  ਮੀਂਹ ਨੇ ਲੋਕਾਂ ਨੂੰ ਗਰਮੀ ਤੋਂ ਕੁਝ ਰਾਹਤ ਦਿੱਤੀ। ਜਲੰਧਰ ਮੋਹਾਲੀ ਫਰੀਦਕੋਟ ਮਾਨਸਾ ਅਤੇ ਪਟਿਆਲਾ ਵਿਚ ਹਨੇਰੀ ਝੱਖੜ ਤੇ ਮੀਂਹ  ਕਾਰਨ ਸੈਂਕੜੇ ਦਰੱਖਤ ਡਿੱਗ ਗਏ, ਕਈ ਥਾਂਈਂ

ਬਿਜਲੀ ਸਪਲਾਈ ਵੀ ਪ੍ਰਭਾਵਿਤ ਹੋਈ , ਮੰਡੀਆਂ 'ਚ ਪਈ ਕਣਕ ਨੂੰ ਵੀ ਹੋਇਆ ਨੁਕਸਾਨ ਪਹੁੰਚਿਆ । ਉਧਰ ਚੰਡੀਗੜ੍ਹ ਸਥਿਤ ਮੌਸਮ ਵਿਭਾਗ ਦੇ ਨਿਦੇਸ਼ਕ ਸੁਰਿੰਦਰ ਪਾਲ ਨੇ ਕਿਸਾਨ ਵੀਰਾਂ ਨੂੰ ਆਉਂਦੇ ਦਿਨਾਂ ਵਿਚ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਆਪਣੀ ਫਸਲ ਨੂੰ ਸੁਰੱਖਿਅਤ ਥਾਵਾਂ 'ਤੇ ਰੱਖਣ ਦੀ ਅਪੀਲ ਕੀਤੀ ।

---------------------------------------------------------

IPL ਕ੍ਰਿਕਟ ਵਿੱਚ, ਅੱਜ ਗੁਜਰਾਤ ਟਾਈਟਨਸ ਦਾ ਸਾਹਮਣਾ ਸਨਰਾਈਜ਼ਰਜ਼ ਹੈਦਰਾਬਾਦ ਨਾਲ ਹੋਵੇਗਾ । ਇਹ ਮੈਚ ਸ਼ਾਮ ਸਾਢੇ 7 ਵਜੇ ਤੋਂ ਖੇਡਿਆ ਜਾਵੇਗਾ।

---------------------------------------------------------

ਆਕਾਸ਼ਵਾਣੀ ਆਉਂਦੇ ਐਤਵਾਰ ਨੂੰ ਖੇਲੋ ਇੰਡੀਆ ਯੁਵਾ ਖੇਡਾਂ-2025 ਦੇ ਉਦਘਾਟਨੀ ਸਮਾਗਮ ਦੀ ਲਾਈਵ ਕਮੈਂਟਰੀ ਕਰੇਗਾ । ਇਹ ਪ੍ਰੋਗਰਾਮ ਸ਼ਾਮ 5 ਵੱਜਕੇ 55 ਮਿੰਟ 'ਤੇ ਸ਼ੁਰੂ ਹੋਵੇਗਾ । ਇਹ NEWS ON AIR ਐਪ, ਪ੍ਰਸਾਰ ਭਾਰਤੀ ਸਪੋਰਟਸ ਯੂਟਿਊਬ ਚੈਨਲ ਅਤੇ ਡੀ.ਟੀ.ਐਚ 'ਤੇ ਉਪਲਬਧ ਹੋਵੇਗਾ।

-----------------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਡੂੰਘੇ ਪਾਣੀਆਂ ਦੀ ਵਿਰਿੰਗ੍ਯ੍ਮ ਕੌਮਾਂਤਰੀ ਬਹੁ- ਉਦੇਸ਼ੀ ਸਮੁੰਦਰੀ ਬੰਦਰਗਾਹ, ਰਾਸ਼ਟਰ ਨੂੰ ਸਮਰਪਿਤ ਕੀਤੀ।
- ਪੰਜਾਬ ਨੇ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਮੁੱਦੇ 'ਤੇ, ਅੱਜ ਸਰਬ ਪਾਰਟੀ ਮੀਟਿੰਗ ਕੀਤੀ- ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ 5 ਮਈ ਨੂੰ ਬੁਲਾਇਆ ਗਿਆ ।
- ਕੇਂਦਰ ਨੇ ਕਿਸਾਨ ਜਥੇਬੰਦੀਆਂ ਨਾਲ 4 ਮਈ ਨੂੰ ਹੋਣ ਵਾਲੀ ਮੀਟਿੰਗ ਮੁਲਤਵੀ ਕੀਤੀ- ਕਿਹਾ ਸੂਬਾ ਸਰਕਾਰ ਦੇ ਨੁਮਾਇੰਦਿਆਂ ਤੋਂ ਬਿਨਾਂ ਮੀਟਿੰਗ ਕਰਨਾ ਸਹੀਂ ਨਹੀਂ।
- ਵੇਵਜ਼ ਸੰਮੇਲਨ-2025 ਦੇ ਹਿੱਸੇ ਵਜੋਂ, ਮੁੰਬਈ ਦੇ ਜੀਓ ਵਰਲਡ ਕਨਵੈਨਸ਼ਨ ਸੈਂਟਰ ਵਿਖੇ ਆਲਮੀ ਮੀਡੀਆ ਸੰਵਾਦ ਸ਼ੁਰੂ ਹੋਇਆ।
- ਮੌਸਮ ਵਿਭਾਗ ਨੇ ਪੰਜਾਬ ਤੇ ਹਰਿਆਣਾ ਵਿਚ ਆਉਂਦੇ 5 ਤੋਂ 6 ਦਿਨ ਮੀਂਹ ਤੇ ਹਨੇਰੀ ਦੇ ਹਾਲਤ ਜਾਰੀ ਰਹਿਣ ਦੀ ਪੇਸ਼ੀਨਗੋਈ ਕੀਤੀ।

- IPL ਕ੍ਰਿਕਟ ਵਿੱਚ, ਅੱਜ ਗੁਜਰਾਤ ਟਾਈਟਨਸ ਦਾ ਮੁਕਾਬਲਾ ਸਨਰਾਈਜ਼ਰਜ਼ ਹੈਦਰਾਬਾਦ ਨਾਲ ਹੋਵੇਗਾ।